# COVID-19 ਆਫ਼ਤ ਭੁਗਤਾਨ ਲਈ ਦਾਅਵਾ ਕਿਵੇਂ ਕਰਨਾ ਹੈ

ਜੇ ਤੁਸੀਂ ਇਕ ਕਰਮਚਾਰੀ ਹੋ ਜਿਸ ਨੇ ਸੀਮਤ ਘੁੰਮਣ-ਫਿਰਨ ਦੇ ਆਦੇਸ਼ ਜਾਂ ਤਾਲਾਬੰਦੀ ਕਰਕੇ ਆਮਦਨ ਗੁਆ ਦਿੱਤੀ ਹੈ, ਤਾਂ ਹੋ ਸਕਦਾ ਹੈ ਤੁਸੀਂ COVID-19 Disaster Payment ਪ੍ਰਾਪਤ ਕਰਨ ਦੇ ਯੋਗ ਹੋਵੋ।

ਜੇ ਤੁਸੀਂ Australian ਦੇ ਵਸਨੀਕ ਹੋ, ਤਾਂ ਇਸ ਭੁਗਤਾਨ ਲਈ ਤੁਹਾਨੂੰ ਲਾਜ਼ਮੀ ਔਨਲਾਈਨ ਦਾਅਵਾ ਕਰਨਾ ਚਾਹੀਦਾ ਹੈ। ਤੁਹਾਨੂੰ Centrelink ਔਨਲਾਈਨ ਖਾਤੇ ਨਾਲ ਜੁੜੇ myGov ਖਾਤੇ ਦੀ ਲੋੜ ਪਵੇਗੀ। ਇਹਨਾਂ ਨੂੰ ਬਨਾਉਣਾ ਆਸਾਨ ਹੈ।

ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਵੇਰਵੇ ਤਿਆਰ ਹਨ ਜਿਵੇਂ ਕਿ ਤੁਸੀਂ ਕਿੰਨੇ ਘੰਟੇ ਦਾ ਕੰਮ ਗੁਆ ਦਿੱਤਾ ਹੈ ਅਤੇ ਤੁਹਾਡੇ ਰੁਜ਼ਗਾਰਦਾਤੇ ਦਾ ABN।

ਜੇ ਤੁਸੀਂ ਪਹਿਲਾਂ ਸਾਡੇ ਕੋਲੋਂ ਭੁਗਤਾਨ ਦਾ ਦਾਅਵਾ ਨਹੀਂ ਕੀਤਾ ਹੈ ਤਾਂ ਤੁਹਾਨੂੰ ਆਪਣੀ ਪਛਾਣ ਸਾਬਤ ਕਰਨ ਦੀ ਲੋੜ ਪੈ ਸਕਦੀ ਹੈ। ਤੁਸੀਂ ਇਹ ਸਭ ਔਨਲਾਈਨ ਕਰ ਸਕਦੇ ਹੋ।

ਤੁਹਾਨੂੰ ਆਪਣੇ ਬਾਰੇ ਕੁਝ ਜਾਣਕਾਰੀ ਦਾਖਲ ਕਰਨ ਦੇ ਨਾਲ-ਨਾਲ ਆਪਣੇ ਪਛਾਣ ਦੇ ਦਸਤਾਵੇਜ਼ਾਂ ਜਿਵੇਂ ਕਿ ਤੁਹਾਡੇ Australian ਜਨਮ ਸਰਟੀਫਿਕੇਟ ਅਤੇ ਡਰਾਈਵਰ ਲਾਇਸੈਂਸ ਤੋਂ ਕੁਝ ਜਾਣਕਾਰੀ ਦਾਖਲ ਕਰਨ ਦੀ ਲੋੜ ਪਵੇਗੀ।

ਤੁਹਾਨੂੰ ਸਾਨੂੰ ਫੋਨ ਕਰਨ ਦੀ ਲੋੜ ਨਹੀਂ ਹੈ, ਜਦੋਂ ਤੁਸੀਂ ਆਪਣਾ ਦਾਅਵਾ ਸਫਲਤਾਪੂਰਵਕ ਜਮ੍ਹਾਂ ਕਰਵਾਓਗੇ ਤਾਂ ਅਸੀਂ ਤੁਹਾਨੂੰ ਇਕ SMS ਭੇਜਾਂਗੇ।

ਜੇ ਤੁਹਾਡੇ ਕੋਲ ਵੀਜ਼ਾ ਹੈ ਜੋ ਤੁਹਾਨੂੰ Australia ਵਿੱਚ ਕੰਮ ਕਰਨ ਦਾ ਅਧਿਕਾਰ ਦਿੰਦਾ ਹੈ, ਤਾਂ ਤੁਹਾਨੂੰ ਦਾਅਵਾ ਕਰਨ ਲਈ ਸਾਨੂੰ 180 22 66 ਉੱਤੇ ਫੋਨ ਕਰਨ ਦੀ ਲੋੜ ਪਵੇਗੀ।

ਜੇ ਤੁਸੀਂ ਯੋਗ ਹੋ, ਤਾਂ ਅਸੀਂ ਤੁਹਾਡੇ ਬੈਂਕ ਖਾਤੇ ਵਿੱਚ ਸਿੱਧਾ ਭੁਗਤਾਨ ਕਰਾਂਗੇ।

ਜਦੋਂ ਤੁਸੀਂ ਆਪਣੇ ਆਪ ਵਾਰ-ਵਾਰ ਮਿਲਣ ਵਾਲੇ ਭੁਗਤਾਨਾਂ ਵਾਸਤੇ ਨਾਮ ਦਰਜ ਕਰਵਾ ਲੈਂਦੇ ਹੋ, ਤਾਂ ਤੁਹਾਨੂੰ ਨਵੇਂ ਦਾਅਵੇ ਦੀ ਹਰੇਕ ਮਿਆਦ ਦੀ ਸ਼ੁਰੂ ਹੋਣ ਦੇ 7 ਦਿਨਾਂ ਦੇ ਅੰਦਰ ਭੁਗਤਾਨ ਕੀਤਾ ਜਾਵੇਗਾ। ਤੁਹਾਨੂੰ ਉਸ ਤੋਂ ਬਾਅਦ ਕੋਈ ਨਵਾਂ ਦਾਅਵਾ ਕਰਨ ਦੀ ਲੋੜ ਨਹੀਂ ਪਵੇਗੀ।

ਤੁਹਾਨੂੰ ਸਾਡੇ ਕੋਲੋਂ ਪਤਾ ਕਰਨ ਦੀ ਲੋੜ ਨਹੀਂ ਹੈ ਜਦੋਂ ਤੱਕ ਇਹ ਸਮਾਂ 7 ਦਿਨਾਂ ਤੋਂ ਵੱਧ ਨਹੀਂ ਹੁੰਦਾ।

ਇਹ ਯਕੀਨੀ ਬਣਾਓ ਕਿ ਤੁਹਾਡੇ ਬੈਂਕ ਖਾਤੇ ਦੇ ਵੇਰਵੇ ਸਹੀ ਹਨ ਤਾਂ ਜੋ ਅਸੀਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਭੁਗਤਾਨ ਕਰ ਸਕੀਏ।

ਯੋਗਤਾ ਬਾਰੇ ਵਧੇਰੇ ਜਾਣਕਾਰੀ ਵਾਸਤੇ ਅਤੇ ਦਾਅਵਾ ਕਿਵੇਂ ਕਰਨਾ ਹੈ
**servicesaustralia.gov.au/covid19disasterpayment** ਉੱਤੇ ਜਾਓ

Australian Government
Services Australia

ENGLISH

# COVID-19 Disaster Payment

If you're a worker who lost income due to a restricted movement order or lockdown, you may be able to get the COVID-19 Disaster Payment.

If you're an Australian resident, you must claim this payment online. You'll need a myGov account linked to a Centrelink online account. It's easy to set these up.

Make sure you have details ready like how many hours of work you've lost and your employer's ABN.

If you haven't claimed a payment from us before, you'll also need to prove your identity.
You can do this all online.

You'll need to enter some information about yourself as well as some information from your identity documents such as your Australian birth certificate and driver's license.

You don't need to call us, we'll send you an SMS when you successfully submit your claim.

If you hold a visa that gives you the right to work in Australia, you'll need to call us on 180 22 66 to claim.

If you're eligible, we'll make a payment straight into your bank account.

When you're registered for automatic recurring payments, you'll get paid within 7 days of the start of each new claiming period. You won't have to make a new claim from then onwards.

You don't have to check with us unless it has been more than 7 days.

Make sure your bank account details are correct so we can pay you as quickly as possible.

For more information about eligibility and how to claim, go to
**servicesaustralia.gov.au/covid19disasterpayment**